# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ),

ਪੰਜਾਬ ਰਾਜ।

ਨੰ: ਪਸਸਬ/ਪੰ/ਅੱ/2024/503 ਮਿਤੀ. 09-04-2024

ਵਿਸ਼ਾ: ਅੱਠਵੀਂ ਸ਼੍ਰੇਣੀ ਦੀ ਸੀ.ਸੀ.ਈ, ਪ੍ਰਯੋਗੀ, ਚੋਣਵੇਂ ਵਿਸ਼ੇ ਅਤੇ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਦੇ ਅੰਕ ਆਨਲਾਈਨ ਅਪਲੋਡ ਕਰਨ ਸਬੰਧੀ।

ਅੱਠਵੀਂ ਸ਼੍ਰੇਣੀ ਮਾਰਚ-2024 ਦੀ ਪ੍ਰੀਖਿਆ ਲਈ ਸੀ.ਸੀ.ਈ, ਪ੍ਰਯੋਗੀ, ਚੋਣਵੇਂ ਵਿਸ਼ੇ ਅਤੇ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਦੇ ਅੰਕ ਸਕੂਲਾਂ ਵੱਲੋਂ ਆਨਲਾਈਨ ਅਪਲੋਡ ਕੀਤੇ ਜਾਣੇ ਹਨ। ਦਫ਼ਤਰ ਵੱਲੋਂ ਅੱਠਵੀਂ ਸ਼੍ਰੇਣੀ ਦੇ ਸੀ.ਸੀ.ਈ, ਪ੍ਰਯੋਗੀ, ਚੋਣਵੇਂ ਵਿਸ਼ੇ ਅਤੇ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਦੇ ਅੰਕ ਅਪਲੋਡ ਕਰਨ ਲਈ ਪਹਿਲਾ ਹੀ ਮਿਤੀ: 12-04-2024 ਤੱਕ ਵਾਧਾ ਕੀਤਾ ਗਿਆ ਹੈ। ਇਹ ਸੂਚਨਾਂ ਸਕੂਲਾਂ ਦੇ ਲਾਗਿਨ ਆਈ-ਡੀ ਤੇ ਵੀ ਅਪਲੋਡ ਕਰ ਦਿੱਤੀ ਗਈ ਹੈ। ਇਸ ਸਬੰਧੀ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਆਪਣੇ ਅਧੀਨ ਸਕੂਲ ਮੁੱਖੀਆ ਨੂੰ ਹਦਾਇਤ ਕਰਨ ਕਿ ਦਫ਼ਤਰ ਵੱਲੋਂ ਮਿੱਥੀ ਮਿਤੀ ਤੱਕ ਇਹ ਕੰਮ ਹਰ ਪੱਖੋ ਮੁਕੰਮਲ ਕਰ ਲਿਆ ਜਾਵੇ ਤਾਂ ਜੋ ਅੱਠਵੀਂ ਸ਼੍ਰੇਣੀ ਦਾ ਨਤੀਜਾ ਸਮੇਂ ਸਿਰ ਘੋਸ਼ਿਤ ਕੀਤਾ ਜਾ ਸਕੇ। ਮਿਤੀ. 09-04-2024 ਤੱਕ ਦੀ **ਪੈਡਿੰਗ ਸਕੂਲਾਂ ਦੀ ਸੂਚੀ ਨਾਲ ਨੱਥੀ ਕੀਤੀ ਜਾ ਰਹੀ ਹੈ**। ਪੈਡਿੰਗ ਸਕੂਲਾਂ ਵੱਲੋਂ ਸੀ.ਸੀ.ਈ, ਪ੍ਰਯੋਗੀ, ਚੋਣਵੇਂ ਵਿਸ਼ੇ ਅਤੇ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਦੇ ਅੰਕ ਦਾ ਕੰਮ ਹਰ ਹਾਲਤ ਵਿੱਚ ਮਿਤੀ: 12-04-2024 ਤੱਕ ਮੁਕੰਮਲ ਕਰ ਲਿਆ ਜਾਵੇ, ਮਿੱਥੀ ਮਿਤੀ ਤੋਂ ਬਾਅਦ ਪ੍ਰੀਖਿਆਰਥੀਆਂ ਦੇ ਅੰਕ ਆਨਲਾਈਨ ਅਪਲੋਡ ਕਰਨ ਲਈ ਹੋਰ ਵਾਧਾ ਨਹੀ ਕੀਤਾ ਜਾਵੇਗਾ ਅਤੇ ਆਨਲਾਈਨ ਅੰਕ ਅਪਲੋਡ ਨਾ ਕਰਨ ਕਰਕੇ ਜੇਕਰ ਪ੍ਰੀਖਿਆਰਥੀਆਂ ਦੇ ਨਤੀਜੇ ਤੇ ਕੋਈ ਪ੍ਰਭਾਵ ਪੈਂਦਾ ਹੈ, ਤਾਂ ਇਸ ਦੀ ਸਮੁੱਚੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

ਇਸਨੂੰ ਅਤਿ ਜਰੂਰੀ ਸਮਝਿਆ ਜਾਵੇ।

10/4/24

ਸੁਪਰਡੰਟ (ਪੰਜਵੀਂ/ਅੱਠਵੀਂ)